ਟੈਂਡਰ ਨੋਟਿਸ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਮ.ਈ.ਐਸ/ਸੀ.ਪੀ.ਡਬਲਯੂ.ਡੀ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਮੋਹਰਬੰਦ ਪ੍ਰਤੀਸ਼ਤ ਰੇਟ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਮਿਤੀ 27-07-2022 ਤੋਂ ਲੈ ਕੇ ਮਿਤੀ 08-08-2022 ਤੱਕ ਦੁਪਹਿਰ 03:00 ਵਜੇ ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਇਸ਼ੂ ਕੀਤੇ ਜਾਣਗੇ ਅਤੇ ਮਿਤੀ 09-08-2022 ਨੂੰ ਬਾਅਦ ਦੁਪਹਿਰ 01:00 ਵਜੇ ਤੱਕ ਰਸੀਵ ਕੀਤੇ ਜਾਣਗੇ। ਰਸੀਵ ਕੀਤੇ ਹੋਏ ਟੈਂਡਰ ਉਸੇ ਦਿਨ ਬਾਅਦ ਦੁਪਹਿਰ 02:00 ਵਜੇ ਇਕਤੱਰਤਾ ਘਰ, ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹਾਜਰ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਖੋਹਲੇ ਜਾਣਗੇ।

| ਸੀ: ਨੰ: | ਕੰਮ ਦਾ ਨਾਮ | ਅੰਦਾਜਨ ਲਾਗਤ | ਅਰਨੈਸਟ ਮਨੀ | ਸਮੇਂ ਦੀ ਹੱਦ | ਟੈਂਡਰ ਫੀਸ |
|---|---|---|---|---|---|
| 1 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਮਾਤਾ ਭਾਗ ਕੌਰ ਜੀ ਨਿਵਾਸ ਜੀ.ਟੀ. ਰੋਡ ਰਾਮ ਤਲਾਈ, ਸ੍ਰੀ ਅੰਮ੍ਰਿਤਸਰ ਵਿਖੇ ਬਾਥਰੂਮਾਂ ਦੀ ਰਿਪੇਅਰ/ਰੈਨੋਵੇਸ਼ਨ ਅਤੇ ਸਮੁੱਚੀ ਇਮਾਰਤ ਨੂੰ ਰੰਗ ਰੋਗਨ ਕਰਨ ਸਬੰਧੀ। | (ਲੇਬਰ ਰੇਟ) 18,02,933/- | 36000/- | 6 ਮਹੀਨੇ | 1000/- |
| 2 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਸ਼ਹੀਦ ਬਾਬਾ ਦੀਪ ਸਿੰਘ ਜੀ ਨਿਵਾਸ ਦੇ ਕਮਰਿਆਂ, ਗੈਲਰੀਆਂ, ਅਤੇ ਬਾਥਰੂਮਾਂ ਆਦਿ ਦੀ ਰੈਨੋਵੇਸ਼ਨ ਸਬੰਧੀ। | (ਲੇਬਰ ਰੇਟ) 57,72,030/- | 1,15,000/- | 9 ਮਹੀਨੇ | 1000/- |
| 3 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਗੁਰੂ ਹਰਿਗੋਬਿੰਦ ਜੀ ਨਿਵਾਸ ਵਿਖੇ ਕਮਰਿਆਂ, ਗੈਲਰੀਆਂ ਅਤੇ ਬਾਥਰੂਮਾਂ ਆਦਿ ਦੀ ਰੈਨੋਵੇਸ਼ਨ ਕਰਨ ਸਬੰਧੀ। | (ਲੇਬਰ ਰੇਟ) 26,43,966/- | 53,000/- | 6 ਮਹੀਨੇ | 1000/- |
| 4 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਪਲਾਟ ਨੰਬਰ 104 ਅਜੀਤ ਨਗਰ, ਸ੍ਰੀ ਅੰਮ੍ਰਿਤਸਰ ਵਿਖੇ ਨਵੀਂ ਕੋਠੀ ਬਣਾਉਣ ਸਬੰਧੀ। | (ਲੇਬਰ ਰੇਟ) 28,83,230/- | 57,700/- | 12 ਮਹੀਨੇ | 1000/- |
| 5 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਗੁ: ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਦੇ ਨਜਦੀਕ ਗੱਠੜੀ ਘਰ ਦੇ ਉਪਰ ਬਣ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਵਿੱਚ ਡਕਟੇਬਲ ਏ.ਸੀ. ਲਗਾਉਣ ਸਬੰਧੀ। | (ਥਰੂ ਰੇਟ) 12,02,601/- | 24,000/- | 3 ਮਹੀਨੇ | 1000/- |
| 6 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਗੁ: ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਦੇ ਨਜਦੀਕ ਗੱਠੜੀ ਘਰ ਦੇ ਉਪਰ ਬਣ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਵਿੱਚ ਫਾਈਰ ਫਾਈਟਿੰਗ ਸਿਸਟਮ ਲਗਾਉਣ ਸਬੰਧੀ। | (ਥਰੂ ਰੇਟ) 57,98,569/- | 1,16,000/- | 3 ਮਹੀਨੇ | 1000/- |

**ਸ਼ਰਤਾਂ :-**

1) ਅਰਨੈਸਟ ਮਨੀ ਕਿਸੇ ਸੂਚੀਬੱਧ ਬੈਂਕ ਕੇਵਲ ਡਰਾਫਟ ਦੀ ਸ਼ਕਲ ਵਿੱਚ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਕ ਵਿੱਚ ਸਵੀਕਾਰ ਕੀਤੀ ਜਾਵੇਗੀ। ਬਗੈਰ ਅਰਨੈਸਟ ਮਨੀ ਟੈਂਡਰ ਨਹੀਂ ਵਿਚਾਰ ਜਾਣਗੇ।
2) ਨਿਮਨ ਹਸਤਾਖਰੀ ਨੂੰ ਕੋਈ ਜਾਂ ਸਾਰੇ ਟੈਂਡਰ ਬਿਨ੍ਹਾਂ ਕਾਰਣ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
3) ਸ਼ਰਤਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
4) ਟੈਂਡਰ ਫਾਰਮ ਏਜੰਸੀ ਵੱਲੋਂ ਇਨਲਿਸਟਮੈਂਟ ਦੀ ਕਾਪੀ ਅਤੇ ਪਿਛੇਲ ਤਿੰਨ ਸਾਲਾਂ ਦਾ ਇਨਕਮ ਟੈਕਸ ਕਲੀਅਰੈਂਸ ਸਰਟੀਫਿਕੇਟ ਪੇਸ਼ ਕਰਨ ਅਤੇ ਪਿਛਲੇ ਕੀਤੇ ਕੰਮਾਂ ਦੇ ਐਕਸੀਅਨ ਵੱਲੋਂ ਜਾਰੀ ਕੀਤੇ ਸਰਟੀਫਿਕੇਟਾਂ ਦੇ ਅਧਾਰਤ ਤੇ ਹੀ ਜਾਰੀ ਕੀਤੇ ਜਾਣਗੇ।

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਨੋਟ :- ਟੈਂਡਰਾਂ ਸਬੰਧੀ ਵਧੇਰੇ ਜਾਣਕਾਰੀ ਡਰਾਇੰਗ ਬ੍ਰਾਂਚ ਇਮਾਰਤੀ ਵਿਭਾਗ, ਸ਼੍ਰੋਮਣੀ ਗੁ: ਪ੍ਰ: ਕਮੇਟੀ ਤੋਂ ਦਫਤਰੀ ਸਮੇਂ ਦੌਰਾਨ ਲਈ ਜਾ ਸਕਦੀ ਹੈ।